# Visit of Chief of the Army Staff and Foreign Secretary to Myanmar

October 03, 2020

……………………………………………………………………………………………………

## ਸੈਨਾ ਪ੍ਰਮੁੱਖ ਅਤੇ ਵਿਦੇਸ਼ ਸਕੱਤਰ ਦੀ ਮਿਆਂਮਾਰ ਦੀ ਫੇਰੀ

3 ਅਕਤੂਬਰ, 2020

ਸੈਨਾ ਪ੍ਰਮੁੱਖ ਜਨਰਲ ਐਮ. ਐਮ. ਨਰਵਣੇ, PVSM, AVSM, MM, VSM, ADC ਅਤੇ ਭਾਰਤ ਦੇ ਵਿਦੇਸ਼ ਸਕੱਤਰ ਸ਼੍ਰੀ ਹਰਸ਼ ਵਰਧਨ ਸ਼ਰਿੰਗਲਾ 4-5 ਅਕਤੂਬਰ, 2020 ਨੂੰ ਮਿਆਂਮਾਰ ਦਾ ਦੌਰਾ ਕਰਨਗੇ। ਇਸ ਦੌਰੇ ਦੇ ਦੌਰਾਨ ਭਾਰਤੀ ਵਫਦ ਮਿਆਂਮਾਰ ਦੀ ਸਟੇਟ ਕੌਂਸਲਰ ਡਾ ਆਂਗ ਸਾਨ ਸੁ ਚੀ ਅਤੇ ਮਿਆਂਮਾਰੀ ਰੱਖਿਆ ਸੇਵਾਵਾਂ ਦੇ ਕਮਾਂਡਰ-ਇਨ-ਚੀਫ ਸੀਨੀਅਰ ਜਨਰਲ ਮਿਨ ਆਂਗ ਹਲਾਇੰਗ ਨਾਲ ਮੁਲਾਕਾਤ ਕਰੇਗਾ।

ਭਾਰਤ ਅਤੇ ਮਿਆਂਮਾਰ ਦੇ ਰਿਸ਼ਤੇ ਇਤਿਹਾਸਕ  ਅਤੇ ਬਹੁਪੱਖੀ ਹਨ ਅਤੇ ਆਪਸੀ ਵਿਸ਼ਵਾਸ ਅਤੇ ਸਨਮਾਨ ਇਨ੍ਹਾਂ ਦੀ ਵਿਸ਼ੇਸ਼ਤਾ ਹੈ। ਆਪਣੀ 'ਗੁਆਂਢੀ ਪਹਿਲਾਂ' ਅਤੇ 'ਐਕਟ ਈਸਟ' ਨੀਤੀਆਂ ਅਨੁਸਾਰ ਭਾਰਤ ਮਿਆਂਮਾਰ ਨਾਲ ਆਪਣੇ ਸਬੰਧਾਂ ਨੂੰ ਬਹੁਤ ਤਰਜੀਹ ਦਿੰਦਾ ਹੈ। ਹਾਲੀਆ ਸਮੇਂ ਵਿੱਚ ਦੋਵਾਂ ਧਿਰਾਂ ਨੇ ਕਈ ਖੇਤਰਾਂ ਵਿੱਚ ਆਪਸੀ ਭਾਈਵਾਲੀ ਮਜ਼ਬੂਤ ਕੀਤੀ ਹੈ, ਜਿੰਨਾਂ ਵਿੱਚ ਕਨੇਕਟਿਵਿਟੀ ਅਤੇ ਵਪਾਰ, ਵਿਕਾਸਾਤਮਕ ਪ੍ਰਾਜੈਕਟ, ਊਰਜਾ, ਸਮਰੱਥਾ ਨਿਰਮਾਣ, ਰੱਖਿਆ ਅਤੇ ਸੁਰੱਖਿਆ ਅਤੇ ਸਭਿਆਚਾਰ ਅਤੇ ਲੋਕਾਂ ਦੇ ਪੱਧਰ 'ਤੇ ਸੰਪਰਕ ਸ਼ਾਮਲ ਹਨ।

COVID -19 ਦੇ ਮੌਜੂਦਾ ਹਾਲਾਤ ਦੇ ਕਾਰਨ ਦੋਵਾਂ ਧਿਰਾਂ ਦਰਮਿਆਨ ਬਹੁਤ ਘੱਟ ਵਟਾਂਦਰੇ ਹੋਏ ਹਨ।  ਇਸ ਫੇਰੀ ਨਾਲ ਮੌਜੂਦਾ ਦੁਵੱਲੇ ਸਬੰਧਾਂ ਦਾ ਜਾਇਜ਼ਾ ਲੈਣ ਅਤੇ ਆਪਸੀ ਹਿੱਤ ਦੇ ਖੇਤਰਾਂ ਵਿਚ ਭਾਈਵਾਲੀ ਨੂੰ ਮਜ਼ਬੂਤ ਕਰਨ ਦਾ ਮੌਕਾ ਮਿਲੇਗਾ।

ਨਵੀਂ ਦਿਲੀ
3 ਅਕਤੂਬਰ, 2020

DISCLAIMER: This is an approximate translation. The original is available in English on MEA's website and may be referred to as the official press release.